ਸਭ ਹੱਕ ਰਾਖਵੇਂ ਹਨ.

ਜਿਉਂ ਭਾਵੇ

ਮਹਾਨ ਕਵੀ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ

ਐਜ਼ ਯੂ ਲਾਈਕ ਇਟ (As you likeit)

ਦਾ

ਸੁਤੰਤਰ ਪੰਜਾਬੀ ਪ੍ਰਕਾਸ਼

G-720

ਲੇਖਕ:-

ਸ੍: ਨਿਹਾਲ ਸਿੰਘ ਜੀ 'ਰਸ', ਪ੍ਰਿੰਸੀਪਲ

ਪੰਜਾਬ ਗਿਆਨੀ ਕਾਲਜ, ਅੰਮ੍ਰਿਤਸਰ.

ਪ੍ਰਕਾਸ਼ਕ:-

ਪੰਜਾਬੀ ਪਬਲੀਕੇਸ਼ਨਜ਼

ਬਾਜ਼ਾਰ ਸੋਢੀਆਂ ਅੰਮ੍ਰਿਤਸਰ

ਪਹਿਲੀ ਵਾਰ ਮੋਲ ੧॥।)

ਪੰਜਾਬ ਲਿਟ੍ਰੇਰੀ ਪ੍ਰੈਸ ਅੰਮ੍ਰਿਤਸਰ ਵਿਚ
ਮਿ: ਸ਼ੰਮਸ ਦੀਨ ਪ੍ਰਿੰਟਰ ਦੇ
ਪ੍ਰਬੰਧ ਹੇਠ ਛਪਿਆ ਤੇ ਸ੍ਰ: ਨਿਹਾਲ ਸਿੰਘ ਜੀ 'ਰਸ'
ਨੇ
ਦਫਤਰ ਪੰਜਾਬੀ ਪਬਲੀਕੇਸ਼ਨਜ਼ ਤੋਂ
ਪ੍ਰਕਾਸ਼ਤ ਕੀਤਾ।

ਪ੍ਰ 22 ਸ
31683

ਪਹਿਲੀ ਐਡੀਸ਼ਨ
੧੦ ਸਤੰਬਰ ੧੯੪੫

ਦੋ ਗੱਲਾਂ

ਅਜੇ ਤੱਕ ਪੰਜਾਬੀ ਵਿਚ ਕਈ ਨਾਵਲ, ਨਾਟਕ ਤੇ ਕਹਾਣੀਆਂ ਦੀਆਂ ਕਤਾਬਾਂ ਛਪ ਚੁੱਕੀਆਂ ਹਨ ਤੇ ਇਨ੍ਹਾਂ ਵਿੱਚੋਂ ਕਈ ਅਨੁਵਾਦ ਜਾਂ ਤਰਜਮੇ ਵੀ ਹਨ ਤੇ ਕਈ ਮੌਲਿਕ ਵੀ ਹਨ। ਨਾਟਕਾਂ ਦੇ ਤਰਜਮਿਆਂ ਦਾ ਮੁੱਢ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਨੇ ਕੀਤਾ ਸੀ ਜਦ ਕਿ ਆਪ ਨੇ ਸੰਸਕ੍ਰਿਤ ਦੇ ਮਸ਼ਹੂਰ ਤੇ ਸ੍ਰੋਮਣੀ ਨਾਟਕ ਸ਼ਕੁੰਤਲਾ ਦਾ ਪੰਜਾਬੀ ਵਿਚ ਉਲਥਾ ਕੀਤਾ। ਆਪ ਤੋਂ ਮਗਰੋਂ ਸਰਦਾਰ ਮਾਨ ਸਿੰਘ ਜੀ ਜੱਜ ਹਾਈਕੋਰਟ ਫ਼ਰੀਦ ਕੋਟ ਵਾਲਿਆਂ ਨੇ ਕਾਲੀਦਾਸ ਦੇ ਦੂਸਰੇ ਨਾਟਕ 'ਵਿਕਰਮ-ਉਰਵਸ਼ੀ' ਦਾ ਅਨੁਵਾਦ ਕੀਤਾ। ਦੋਵੇਂ ਨਾਟਕ ਭਾਵੇਂ ਸੰਸਕ੍ਰਿਤ ਜਾਂ ਹਿੰਦੀ ਵਿੱਚੋਂ ਉਲਥੇ ਕੀਤੇ ਗਏ ਸਨ, ਉਨ੍ਹਾਂ ਵਿਚ ਆਏ ਨਾਂ ਤੇ ਥਾਂ ਸਾਰੇ ਦੇ ਸਾਰੇ ਹਿੰਦੁਸਤਾਨੀ ਸਨ, ਜਿਸ ਕਰਕੇ ਜਦੋਂ ਇਨ੍ਹਾਂ ਨਾਟਕਾਂ ਦੇ ਉਲਥੇ ਪੰਜਾਬੀ ਵਿਚ ਆਏ, ਪੰਜਾਬੀ ਪਾਠਕਾ ਨੂੰ ਕੋਈ ਬਹੁਤੇ ਓਪਰੇ ਨਾ ਲੱਗੇ। ਇਸ ਵਿਚ ਸ਼ੱਕ ਨਹੀਂ ਕਿ ਇਨ੍ਹਾਂ ਉਲਥਿਆਂ ਤੇ ਸੰਸਕ੍ਰਿਤ ਤੇ ਬ੍ਰਿਜਭਾਸ਼ਾ ਦਾ ਭਾਰਾ ਅਸਰ ਪ੍ਰਤੀਤ ਹੋ ਰਿਹਾ ਹੈ।

ਇਸੇ ਤਰ੍ਹਾਂ ਪੰਜਾਬੀ ਵਿਚ ਅੰਗ੍ਰੇਜ਼ੀ ਦੇ ਨਾਟਕਾਂ, ਨਾਵਲਾਂ ਤੇ ਕਹਾਣੀਆਂ ਦੇ ਉਲਥੇ ਵੀ ਆਏ। ਨਾਵਲਾਂ ਤੇ ਕਹਾਣੀਆਂ ਵਿਚ ਜੇ ਅਸਲੀ ਪਾਤਰਾਂ ਦੇ ਨਾਂ ਰਹਿਣ ਦਿੱਤੇ ਜਾਣ ਤਾਂ ਕੋਈ ਬੁਰੇ ਨਹੀਂ ਲੱਗਦੇ, ਕਈ ਵਾਰੀ ਐਸਾ ਜ਼ਰੂਰ ਹੋ ਜਾਂਦਾ ਹੈ ਕਿ ਪੜ੍ਹਦਿਆਂ ਪੜ੍ਹਿਦਿਆਂ ਪਾਠਕਾਂ ਨੂੰ ਅੰਗ੍ਰੇਜ਼ੀ ਨਾਂ ਭੁੱਲ ਜਾਂਦੇ ਹਨ ਜਾਂ ਕਈ ਵਾਰੀ ਉਹ ਨਾਂ ਬੜੇ ਦਿਲ ਉਕਾਵੇ ਜਹੇ ਪ੍ਰਤੀਤ ਹੋਣ ਲਗ ਪੈਂਦੇ ਹਨ, ਜਿਸ ਕਰਕੇ ਪਾਠਕ ਅੰਗ੍ਰੇਜ਼ੀ ਦੇ ਉਲਥਿਆਂ ਦਾ ਪੂਰਾ ਪੂਰਾ ਆਨੰਦ ਨਹੀਂ ਲੈ ਸਕਦੇ। ਮੈਂ ਆਪ ਕਈ ਨਾਵਲ ਤੇ ਕਹਾਣੀਆਂ ਪੜ੍ਹੀਆਂ ਹਨ ਅਤੇ ਮੇਰੇ ਹੋਰ ਮਿਤਰਾਂ ਤੇ ਸ਼ਾਗਿਰਦ

ਵਿੱਚੋਂ ਜਿਨ੍ਹਾਂ ਜਿਨ੍ਹਾਂ ਨੇ ਅੰਗ੍ਰੇਜ਼ੀ ਪੁਸਤਕਾਂ ਦੇ ਤਰਜਮੇ ਪੜ੍ਹੇ ਹਨ, ਉਨ੍ਹਾਂ ਦੀ ਇਹੋ ਰਾਇ ਹੈ ਕਿ ਤਰਜਮਿਆਂ ਦਾ ਮੌਲਕ ਪੰਜਾਬੀ ਪੁਸਤਕਾਂ ਵਰਗਾ ਆਨੰਦ ਨਹੀਂ ਆਉਂਦਾ, ਇਸ ਦਾ ਵੱਡਾ ਕਾਰਨ ਉਹ ਇਹੋ ਦਸਦੇ ਹਨ ਕਿ ਅੰਗ੍ਰੇਜ਼ੀ ਨਾ ਜਾਨਣ ਵਾਲੇ ਪਾਠਕਾਂ ਲਈ ਅੰਗ੍ਰੇਜ਼ੀ ਨਾਂ ਤੇ ਥਾਂ ਓਪਰੇ ਜਹੇ ਹੋਣ ਕਰਕੇ ਸਾਰੇ ਰੰਗ ਨੂੰ ਫਿੱਕਾ ਕਰ ਦੇਂਦੇ ਹਨ। ਨਾਟਕਾਂ ਵਿਚ ਖਾਸ ਕਰਕੇ ਅੰਗ੍ਰੇਜ਼ੀ ਨਾਂ ਤੇ ਥਾਂ ਕਈ ਵਾਰੀ ਅਜਿਹੀਆਂ ਗੁੰਝਲਾਂ ਪੈਦਾ ਕਰ ਦੇਂਦੇ ਹਨ ਕਿ ਪਾਠਕਾਂ ਨੂੰ ਸਮਝ ਹੀ ਨਹੀਂ ਆਉਂਦੀ ਕਿ ਉਹ ਕੀ ਪੜ੍ਹ ਰਹੇ ਹਨ। ਮੈਂ ਨੰਦਾ ਜੀ ਦਾ 'ਮਰਚੈਂਟਸ ਆਫ਼ ਵੀਨਸ (Merchants of vens) ਦਾ ਪੰਜਾਬੀ ਅਨੁਵਾਦ 'ਸ਼ਾਮੂ ਸ਼ਾਹ' ਪੜ੍ਹਿਆ ਹੈ। ਆਪ ਨੇ ਅਸਲੀ ਨਾਟਕ ਦਾ ਲਫ਼ਜ਼-ਬ-ਲਫ਼ਜ਼ ਉਲਥਾ ਨਹੀਂ ਕੀਤਾ, ਸਗੋਂ ਉਸ ਕਹਾਣੀ ਨੂੰਜੋ ਸ਼ੈਕਸਪੀਅਰ ਨੇ ਲਿਖੀ, ਕਈ ਥਾਈਂ ਘਟਾ ਵਧਾ ਕੇ ਠੇਠ ਪੰਜਾਬੀ ਬੋਲੀ ਤੇ ਨਾਟਕੀ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਪੜ੍ਹ ਕੇ ਬੜਾ ਹੀ ਸਵਾਦ ਆਉਂਦਾ ਹੈ, ਪਰ ਜੇ ਮਸ਼ਹੂਰ ਨਾਟਕ ਕਾਰ ਗਾਲਜ਼ਵਰਦੀ ਦੇ 'ਸਿਲਵਰ ਬੌਕਸ' ਦਾ ਪੰਜਾਬੀ ਅਨੁਵਾਦ 'ਚਾਂਦੀ ਦਾ ਡੱਬਾ' ਪੜ੍ਹੀਏ ਤਾਂ ਉਹੋ ਜਿਹਾ ਸਵਾਦ ਨਹੀਂ ਆਉਂਦਾ, ਤੇ ਕਈ ਥਾਈਂ ਸਮਝ ਹੀ ਨਹੀਂ ਪੈਂਦੀ। ਇਸ ਲਈ ਇਸ ਖਿਆਲ ਨੂੰ ਸਾਹਮਣੇ ਰਖਦਿਆਂ ਹੋਇਆਂ ਇਹ ਨਾਟਕ ਲਿਖਣ ਸਮੇਂ ਮੈਂ ਹੇਠ ਲਿਖੀਆਂ ਗੱਲਾਂ ਦਾ ਖਾਸ ਖਿਆਲ ਰੱਖਿਆ ਹੈ:—

(੧) ਸ਼ੈਕਸਪੀਅਰ ਦੇ ਅਸਲੀ ਨਾਟਕ 'ਐਜ਼ ਯੂ ਲਾਈਕ ਇਟ' ਦਾ ਪੂਰਾ ਪੂਰਾ ਅਨੁਵਾਦ ਕੀਤਾ ਗਿਆ ਹੈ ਤੇ ਇਹ ਯਤਨ ਕੀਤਾ ਗਿਆ ਹੈ ਕਿ ਸ਼ੈਕਸਪੀਅਰ ਦਾ ਕੋਈ ਖਿਆਲ ਅਛੋਹ ਨਾ ਰਹਿ ਜਾਵੇ।

(੨) ਆਪਣੀ ਵੱਲੋਂ ਬੋਲੀ ਠੇਠ ਪੰਜਾਬੀ ਤੇ ਮੁਹਾਵਰੇ ਅਨੁਸਾਰ ਵਰਤੀ ਗਈ ਹੈ।

(੩) ਵਾਰਤਕ ਰੂਪ ਦਾ ਵਾਰਤਕ ਵਿਚ ਤੇ ਗੀਤਾਂ ਦਾ ਗੀਤਾਂ ਵਿਚ ਹੀ ਤਰਜਮਾ ਕੀਤਾ ਗਿਆ ਹੈ। ਖੂਬੀ ਇਹ ਰੱਖੀ ਗਈ ਹੈ ਕਿ ਸ਼ੈਕਸਪੀਅਰ ਦੇ ਅਸਲੀ ਗੀਤਾਂ ਦਾ ਪੰਜਾਬੀ ਪਾਠਕ ਪੂਰਾ ਪੂਰਾ ਰਸ ਲੈ ਸੱਕਣ। ਕਵਿਤਾ

ਦੇ ਲਿਹਾਜ਼ ਨਾਲ ਇਨ੍ਹਾਂ ਗੀਤਾਂ ਵਿਚ ਭਾਵੇਂ ਕਿਤੇ ਸਕਤਾ ਪ੍ਰਤੀਤ ਹੋਵੇ, ਪਰ ਗੀਤਾਂ ਦੀ ਕਸਵੱਟੀ ਤੇ ਪਰਖਣ ਵਾਲਿਆਂ ਨੂੰ ਇਨ੍ਹਾਂ ਗੀਤਾਂ ਵਿਚ ਕਈ ਖੂਬੀਆਂ ਪ੍ਰਤੀਤ ਹੋਣਗੀਆਂ।

(੪) ਨਾਟਕ ਵਿਚ ਆਏ ਅੰਗ੍ਰੇਜ਼ੀ ਪਾਤ੍ਰਾਂ ਦੇ ਨਾਵਾਂ ਦੀ ਥਾਂ ਦੇਸੀ ਪਾਤਰਾਂ ਦੇ ਨਾਂ ਦਿੱਤੇ ਗਏ ਹਨ ਤੇ ਜਿੱਥੇ ਕਿਤੇ ਅੰਗ੍ਰੇਜ਼ੀ ਥਾਵਾਂ ਦਾ ਜ਼ਿਕਰ ਆਇਆ ਹੈ ਜਾਂ ਅੰਗ੍ਰੇਜ਼ੀ ਦੇਵਤਿਆਂ ਦਾ ਜ਼ਿਕਰ ਆਇਆ ਹੈ, ਓਥੇ ਦੇਸੀ ਥਾਵਾਂ ਤੇ ਦੇਸੀ ਦੇਵਤਿਆਂ ਦਾ ਨਾਂ ਦੇ ਕੇ ਸਾਰੀ ਵਾਰਤਾ ਨੂੰ ਚੁੱਕਵੀਂ ਤੇ ਦਿਲ ਖਿੱਚਵੀਂ ਬਣਾਇਆ ਗਿਆ ਹੈ।

(੫) ਜਿਥੇ ਜਿਥੇ ਸ਼ੈਕਸਪੀਅਰ ਨੇ ਅੰਗ੍ਰੇਜ਼ੀ ਪ੍ਰੇਮੀਆਂ ਤੇ ਆਸ਼ਕਾਂ ਦਾ ਜ਼ਿਕਰ ਕੀਤਾ ਹੈ ਜਾਂ ਯੂਰਪ ਦੀਆਂ ਬਹਾਦਰ ਤੇ ਉਚ ਜੀਵਨ ਵਾਲੀਆਂ ਸੁੰਦਰੀਆਂ ਦਾ ਜ਼ਿਕਰ ਕੀਤਾ ਹੈ, ਓਥੇ ਓਥੇ ਮੈਂ ਹਿੰਦੁਸਤਾਨੀ ਅਥਵਾ ਪੰਜਾਬੀ ਪ੍ਰੇਮੀਆਂ ਤੇ ਹਿੰਦੁਸਤਾਨੀ ਦੇਵੀਆਂ ਜਿਨ੍ਹਾਂ ਦੇ ਆਚਰਨ ਅੰਗ੍ਰੇਜ਼ੀ ਪਾਤਰਾਂ ਨਾਲ ਬਿਲਕੁਲ ਮਿਲਦੇ ਸਨ, ਨੂੰ ਇਸ ਨਾਟਕ ਵਿਚ ਪੇਸ਼ ਕੀਤਾ ਹੈ।

ਇਹ ਨਾਟਕ ਜੇ ਇਸ ਖਿਆਲ ਨਾਲ ਨਾ ਵੀ ਪੜ੍ਹਿਆ ਜਾਵੇ ਕਿ ਸ਼ੈਕਸਪੀਅਰ ਦੇ ਕਿਸੇ ਨਾਟਕ ਦਾ ਤਰਜਮਾ ਹੈ ਤਦ ਵੀ ਪਾਠਕ ਜਨ ਇਸ ਨਾਟਕ ਤੋਂ ਮੌਲਕ ਨਾਟਕ ਜਿੰਨਾ ਹੀ ਸਵਾਦ ਲੈ ਸਕਦੇ ਹਨ ਅਤੇ ਪੜ੍ਹਦੇ ਪੜ੍ਹਦੇ ਕਈ ਥਾਈਂ ਇਹ ਉੱਕਾ ਹੀ ਭੁੱਲ ਜਾਣਗੇ ਕਿ ਇਹ ਨਾਟਕ ਕਿਸੇ ਅੰਗਰੇਜ਼ੀ ਨਾਟਕ ਦਾ ਅਨੁਵਾਦ ਹੈ। ਅਜੇ ਤਕ ਇਸ ਤਰ੍ਹਾਂ ਦਾ ਨਾਟਕ ਦਾ ਅਨੁਵਾਦ ਕਿਸੇ ਨੇ ਵੀ ਪੇਸ਼ ਨਹੀਂ ਕੀਤਾ, ਇਹ ਮੇਰਾ ਪਹਿਲਾ ਯਤਨ ਹੈ, ਆਸ ਹੈ ਕਿ ਪਾਠਕ ਜਨ ਮੇਰੀ ਇਸ ਰੁਚੀ ਤੇ ਇਸ ਯਤਨ ਦੀ ਦਾਦ ਦੇਣਗੇ।

ਅਜੇ ਤਕ ਮੈਂ ਵਿਦਿਅਕ ਪੁਸਤਕਾ ਹੀ ਲਿਖੀਆਂ ਹਨ, ਸਾਹਿਤ ਦੇ ਇਸ ਪਾਸੇ ਵੱਲ ਮੇਰਾ ਇਹ ਪਹਿਲਾ ਹੀ ਯਤਨ ਹੈ। ਮੈਂ ਜਾਣਦਾ ਹਾਂ ਇਸ ਨਾਟਕ ਵਿਚ ਕਿਤੇ ਕਿਤੇ ਬੋਲੀ ਕਮਜ਼ੋਰ ਰਹਿ ਗਈ ਹੈ, ਪਰ ਇਹ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.